BRAMPTON

**Media Release**

ਤੁਰੰਤ ਰਿਲੀਜ ਲਈ

# ਸਿਟੀ ਆਫ ਬ੍ਰੈਂਪਟਨ ਦੇ ਨਾਲ ਰੇਕ੍ਰੀਏਸ਼ਨ ਅਤੇ ਸੀਨੀਅਰਸ ਮੰਥ ਦਾ ਜਸ਼ਨ ਮਨਾਓ

ਬ੍ਰੈਂਪਟਨ, ਓਨਟੈਰੀਓ (31 ਮਈ, 2023) – ਪੂਰਾ ਜੂਨ ਗਤੀਵਿਧੀਆਂ ਅਤੇ ਕਾਰਜਕਰਮਾਂ ਦੇ ਨਾਲ, ਰੇਕ੍ਰੀਏਸ਼ਨ ਅਤੇ ਸੀਨੀਅਰਸ ਮੰਥ (Recreation and Seniors Month) ਦਾ ਜਸ਼ਨ ਮਨਾਓ।

ਨੈਸ਼ਨਲ ਹੈਲਥ ਅਤੇ ਫਿਟਨੈਸ ਡੇ (National Health and Fitness Day) ਅਤੇ ਇੰਟਰਨੈਸ਼ਨਲ ਯੋਗਾ ਡੇ (International Yoga Day) ਸਮੇਤ, ਮੁਫਤ ਪ੍ਰੋਗਰਾਮਿੰਗ ਅਤੇ ਖਾਸ ਕਾਰਜਕਰਮਾਂ ਦੇ ਨਾਲ, ਬ੍ਰੈਂਪਟਨ ਵਿੱਚ ਰੇਕ੍ਰੀਏਸ਼ਨ ਮੰਥ ਵਿੱਚ ਹਿੱਸਾ ਲੈ ਕੇ ਸਿਹਤਮੰਦ ਗਤੀਵਿਧੀ ਦੇ ਫਾਇਦਿਆਂ ਬਾਰੇ ਜਾਣਕਾਰੀ ਪ੍ਰਾਪਤ ਕਰੋ।

ਪ੍ਰੋਗਰਾਮਾਂ ਅਤੇ ਕਾਰਜਕਰਮਾਂ ਬਾਰੇ ਵਧੇਰੇ ਜਾਣਕਾਰੀ ਲਈ, www.brampton.ca/recmonth ਤੇ ਜਾਓ।

**ਨੈਸ਼ਨਲ ਹੈਲਥ ਅਤੇ ਫਿਟਨੈਸ ਡੇ**

3 ਜੂਨ, ਸਵੇਰੇ 10 ਵਜੇ ਤੋਂ ਦੁਪਹਿਰ 12 ਵਜੇ ਤੱਕ

Chinguacousy Park
9050 Bramalea Rd

**ਇੰਟਰਨੈਸ਼ਨਲ ਯੋਗਾ ਡੇ**

21 ਜੂਨ, ਸ਼ਾਮ 7 ਵਜੇ ਤੋਂ ਰਾਤ 9 ਵਜੇ ਤੱਕ

Mount Pleasant Square
100 Commuter Dr.

ਜੂਨ ਬਜ਼ੁਰਗਾਂ ਦਾ ਮਹੀਨਾ ਹੈ (June is Seniors Month), ਦੇ ਜਸ਼ਨ ਵਿੱਚ, ਸਿਟੀ ਆਫ ਬ੍ਰੈਂਪਟਨ ਲਗਾਤਾਰ ਸਾਡੀ ਕਮਿਉਨਿਟੀ ਵਿੱਚ ਰਹਿਣ ਵਾਲੀ ਬਜ਼ੁਰਗ ਅਬਾਦੀ ਨਾਲ ਜੁੜ ਅਤੇ ਉਹਨਾਂ ਦਾ ਜਸ਼ਨ ਮਨਾ ਰਹੀ ਹੈ।

55 ਸਾਲ ਅਤੇ ਇਸਤੋਂ ਵੱਧ ਉਮਰ ਦੇ ਬਾਲਗਾਂ ਨੂੰ, ਜੂਨ ਦੇ ਪੂਰੇ ਮਹੀਨੇ ਵਿੱਚ, ਸਪ੍ਰਿੰਗਫੈਸਟ (Springfest) ਅਤੇ ਫਾਇਰ ਸੇਫਟੀ ਓਪਨ ਹਾਊਸ (Fire Safety Open House) ਸਮੇਤ, ਖਾਸ ਕਾਰਜਕਰਮਾਂ ਅਤੇ ਮੁਫਤ ਪ੍ਰੋਗਰਾਮਾਂ ਲਈ ਸਾਡੇ ਨਾਲ ਜੁੜਨ ਲਈ ਸੱਦਾ ਦਿੱਤਾ ਜਾਂਦਾ ਹੈ।

**ਸਪ੍ਰਿੰਗਫੈਸਟ**

16 ਜੂਨ

ਐਕਸਪੋ (Expo), ਸਵੇਰੇ 10 ਵਜੇ ਤੋਂ ਦੁਪਹਿਰ 12 ਵਜੇ ਤੱਕ

ਲੰਚਿਓਨ ਐਂਡ ਡਾਂਸ (Luncheon and Dance), ਦੁਪਹਿਰ 12 ਵਜੇ ਤੋਂ ਦੁਪਹਿਰ ਬਾਅਦ 3 ਵਜੇ ਤੱਕ

Century Gardens Recreation Centre
340 Vodden St E.

ਸਪ੍ਰਿੰਗਫੈਸਟ ਨੂੰ ਉਦਾਰਤਾਪੂਰਬਕ, ਬਾਇਓਪੇਡ (BioPed), ਰੇਵੇਰਾ (Revera), ਟੋਰੋਂਟੋ ਪਿਅਰਸਨ (Toronto Pearson) ਅਤੇ ਵਿਟਾ (Vyta) ਵੱਲੋਂ ਪ੍ਰਾਯੋਜਿਤ (ਸਪਾਂਸਰ) ਕੀਤਾ ਜਾ ਰਿਹਾ ਹੈ।

ਬ੍ਰੈਂਪਟਨ ਫਾਇਰ ਐਂਡ ਐਮਰਜੈਂਸੀ ਸਰਵਿਸਿਜ (Brampton Fire and Emergency Services), ਬਜ਼ੁਰਗਾਂ ਨੂੰ ਉਹਨਾਂ ਦੇ ਓਪਨ ਹਾਊਸ ਦੇ ਦੌਰਾਨ ਆਉਣ ਲਈ ਸੱਦਾ ਦਿੰਦੀ ਹੈ, ਜਿੱਥੇ ਉਹ ਸਾਰਿਆਂ ਲਈ ਇਨਾਮ ਅਤੇ ਮੁਫਤ ਚੀਜ਼ਾਂ ਦੇ ਨਾਲ, ਅੱਗ ਲੱਗਣ ਅਤੇ ਡਿੱਗਣ ਦੀ ਰੋਕਥਾਮ ਬਾਰੇ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ, ਫਾਇਰ ਅਫਸਰਾਂ ਨੂੰ ਮਿਲ ਸਕਦੇ ਹਨ ਅਤੇ ਕਮਿਉਨਿਟੀ ਭਾਈਵਾਲਾਂ ਨਾਲ ਗੱਲਬਾਤ ਕਰ ਸਕਦੇ ਹਨ।

**ਫਾਇਰ ਸਟੇਸ਼ਨ ਓਪਨ ਹਾਊਸ (Fire Station Open House)**
21 ਜੂਨ, ਸਵੇਰੇ 10 ਵਜੇ ਤੋਂ ਦੁਪਹਿਰ ਬਾਅਦ 2 ਵਜੇ ਤੱਕ
Fire Station 207
75 Vodden St. E.,

ਵਧੇਰੇ ਜਾਣਕਾਰੀ ਲਈ, 905.458.5580 ਤੇ ਫੋਨ ਕਰੋ ਜਾਂ firelife@brampton.ca ਤੇ ਈਮੇਲ ਕਰੋ।

ਉਮਰ-ਅਨੁਕੂਲਿਤ ਕਾਰਜਨੀਤੀ (Age-Friendly Strategy) ਦੇ ਦੁਆਰਾ ਸਿਟੀ, ਸੰਪੂਰਨ, ਸਥਿਰ ਕਮਿਉਨਿਟੀਜ ਦੇ ਵਿਕਾਸ ਅਤੇ ਡਿਜ਼ਾਈਨ ਦੇ ਨਾਲ, ਜੀਵਨ ਦੇ ਹਰ ਪੜਾਅ ਦੇ ਦੌਰਾਨ, ਵਸਨੀਕਾਂ ਦੀਆਂ ਖਾਸ ਲੋੜਾਂ ਤੇ ਪ੍ਰਤੀਕਿਰਿਆ ਕਰਨ ਤੇ ਧਿਆਨ ਦੇ ਰਹੀ ਹੈ।

ਸਿਟੀ ਆਫ ਬ੍ਰੈਂਪਟਨ ਨੇ ਪ੍ਰਾਪਤ ਕੀਤੀ ਨਿਊ ਹੋਰੀਜ਼ੋਨਸ (New Horizons) ਗ੍ਰਾਂਟ ਦੇ ਹਿੱਸੇ ਵਜੋਂ, 2022 ਵਿੱਚ ਸੀਨੀਅਰਸ ਰਿਸੋਰਸ ਡਾਇਰੈਕਟਰੀ (Seniors Resource Directory) ਪੇਸ਼ ਕੀਤੀ ਸੀ। ਡਾਇਰੈਕਟਰੀ ਦਾ ਟੀਚਾ, ਲੋਕਾਂ ਨੂੰ ਲੋੜੀਂਦੀਆਂ ਸੇਵਾਵਾਂ ਲੱਭਣ ਵਿੱਚ ਮਦਦ ਕਰਦੇ ਹੋਏ, ਇੱਕ ਬਟਨ ਦੀ ਕਲਿੱਕ ਤੇ ਮਹੱਤਵਪੂਰਣ ਸਰੋਤਾਂ ਤੱਕ ਪਹੁੰਚ ਪ੍ਰਦਾਨ ਕਰਨਾ ਹੈ। ਵਰਤੋਂਕਾਰ ਅਨੁਭਵ ਵਿੱਚ ਸੁਧਾਰ ਕਰਨ ਅਤੇ ਸੰਚਾਲਨ ਨੂੰ ਵੱਧ ਅਸਾਨ ਬਣਾਉਣ ਲਈ, ਡਾਇਰੈਕਟਰੀ ਨੂੰ 12 ਵਿਸ਼ਿਆਂ ਨਾਲ ਸਬੰਧਿਤ ਥੀਮਾਂ ਵਿੱਚ ਵੰਡਿਆ ਗਿਆ ਹੈ।

ਸੀਨੀਅਰਸ ਮੰਥ ਬਾਰੇ ਵਧੇਰੇ ਜਾਣਕਾਰੀ ਲਈ, www.brampton.ca/seniorsmonth ਤੇ ਜਾਓ।

**ਹਵਾਲੇ**

"ਉਮਰ-ਅਨੁਕੂਲਿਤ ਅਜਿਹਾ ਸ਼ਹਿਰ ਬਣਾਉਣਾ, ਜਿੱਥੇ ਹਰ ਪੜਾਅ ਤੇ ਲੋਕ ਆਪਣੀ ਜ਼ਿੰਦਗੀ ਨੂੰ ਵਧੀਆ ਤਰੀਕੇ ਨਾਲ ਜੀ ਸਕਣ, ਸਿਟੀ ਆਫ ਬ੍ਰੈਂਪਟਨ ਲਈ ਮਹੱਤਵਪੂਰਣ ਤਰਜੀਹ ਹੈ। ਬਜ਼ੁਰਗਾਂ ਨੂੰ ਕਮਿਉਨਿਟੀ ਅਤੇ ਸਹਾਇਤਾ ਤੱਕ ਪਹੁੰਚ ਪ੍ਰਦਾਨ ਕਰਨ ਨਾਲ, ਆਪਣੇਪਣ ਦੀ ਭਾਵਨਾ ਪੈਦਾ ਕਰਨ ਵਿੱਚ ਮਦਦ ਮਿਲਦੀ ਹੈ। ਮੈਂ ਰੇਕ੍ਰੀਏਸ਼ਨ ਅਤੇ ਸੀਨੀਅਰਸ ਮੰਥ ਦਾ ਜਸ਼ਨ ਮਨਾਉਣ, ਬ੍ਰੈਂਪਟਨ ਵਿੱਚ ਮੌਜੂਦ ਮਨਪਰਚਾਵੇ ਦੇ ਸਾਰੇ ਮੌਕਿਆਂ ਦੀ ਪੜਚੋਲ ਕਰਨ ਅਤੇ ਬ੍ਰੈਂਪਟਨ ਦੇ ਬਜ਼ੁਰਗ ਨਾਗਰਿਕਾਂ ਦੇ ਅਰਥਪੂਰਣ ਯੋਗਦਾਨਾਂ ਨੂੰ ਸਨਮਾਨ ਦੇਣ ਲਈ ਉਤਸ਼ਾਹਿਤ ਹਾਂ।"

- *ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"ਅਸੀਂ ਇਕੱਠੇ ਵੱਧ ਮਜ਼ਬੂਤ ਹਾਂ ਅਤੇ ਜਦੋਂ ਅਸੀਂ ਮਨਪਰਚਾਵੇ ਦੇ ਪ੍ਰੋਗਰਾਮਾਂ ਤੱਕ ਪਹੁੰਚਣ ਦੁਆਰਾ ਇੱਕ-ਦੂਜੇ ਦੀ ਅਤੇ ਆਪਣੀ ਪਰਵਾਹ ਕਰਦੇ ਹਾਂ, ਅਸੀਂ ਕਮਿਉਨਿਟੀ ਲਈ ਵੱਧ ਸਿਹਤਮੰਦ ਅਧਾਰ ਬਣਾਉਂਦੇ ਹਾਂ। ਇਸ ਜੂਨ, ਕਿਉਂਕਿ ਅਸੀਂ ਰੇਕ੍ਰੀਏਸ਼ਨ ਅਤੇ ਸੀਨੀਅਰਸ ਮੰਥ ਦਾ ਜਸ਼ਨ ਮਨਾ ਰਹੇ ਹਾਂ, ਮੈਂ ਹਰ ਕਿਸੇ ਨੂੰ ਬੇਹੱਦ ਮਜ਼ੇਦਾਰ ਅਤੇ ਸ਼ਮੂਲੀਅਤ ਵਾਲੀ ਪ੍ਰੋਗਰਾਮਿੰਗ ਦੀ ਪੜਚੋਲ ਕਰਨ ਲਈ ਸੱਦਾ ਦਿੰਦੀ ਹਾਂ, ਵਸਨੀਕਾਂ ਨੂੰ ਇਹ ਸਭ ਪ੍ਰਦਾਨ ਕਰਨ ਲਈ ਸਾਡੀਆਂ ਟੀਮਾਂ ਪਰਦੇ ਦੇ ਪਿੱਛੇ ਸਖਤ ਮਿਹਨਤ ਕਰ ਰਹੀਆਂ ਹਨ।"

*- ਰੋਏਨਾ ਸੈਨਟੋਸ (Rowena Santos), ਰੀਜਨਲ ਕਾਉਂਸਲਰ, ਵਾਰਡਸ 1 ਅਤੇ 5; ਚੇਅਰ, ਕਮਿਉਨਿਟੀ ਸਰਵਿਸਿਜ, ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 700,000 ਲੋਕਾਂ ਅਤੇ 90,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**

ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ

multiculturalmedia@brampton.ca